


# ਮੇਅਰ ਡੇਵਡ ਮਿਲਰ ਦੇ ਵੱਲੋਂ ਸੰਦੇਸ਼



## ਇੱਕ ਸੈਂਟ ਹੁਣੇ ਹੀ! ਵੈੱਬ-ਸਾਈਟ ਦੇਖਣ ਲਈ ਤੁਹਾਡਾ ਧੰਨਵਾਦ

ਕੈਨੇਡਾ ਦੇ ਸ਼ਹਿਰ ਇਸ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ ਜਿਨ੍ਹਾਂ ਤੇ ਸ਼ਹਿਰ ਦੇ ਨਿਵਾਸੀ ਕਿਸੇ ਹੋਰ ਸਰਕਾਰ ਦੀ ਤੁਲਨਾ ਵਿੱਚ ਜਿਆਦਾ ਹੀ ਨਿਰਭਰ ਕਰਦੇ ਹਨ। ਫਿਰ ਵੀ, ਸ਼ਹਿਰਾਂ ਦੀ ਆਮਦਨੀ ਉਹਨਾਂ ਦੀਆਂ ਜੁੰਮੇਵਾਰੀਆਂ ਨਾਲ ਮੇਲ ਨਹੀਂ ਖਾਂਦੀ ਅਤੇ ਦੋ ਗੱਲਾਂ ਦੇ ਵਿੱਚ ਵੱਡਾ ਫਾਸਲਾ ਬਣਿਆ ਰਹਿੰਦਾ ਹੈ- ਵਿਕਾਸ ਨੂੰ ਬਣਾਈ ਰੱਖਣ ਲਈ ਇਨਫਰਾਸਟਰੱਕਟਰ (ਸੇਵਾ-ਸੁਵਿਧਾਵਾਂ) ਅਤੇ ਉਸ ਨੂੰ ਪੂਰਾ ਕਰਨ ਲਈ ਉਪਲੱਬਧ ਪੈਸਾ।

ਇੱਕ ਸੈਂਟ **ਹੁਣੇ ਹੀ!** ਅੰਦੋਲਨ, ਫੈਡਰਲ ਸਰਕਾਰ ਨੂੰ ਬੇਨਤੀ ਕਰਦਾ ਹੈ ਕਿ ਉਹ ਵਰਤਮਾਨ ਜੀ.ਐੱਸ.ਟੀ. ਵਿੱਚੋਂ ਇੱਕ ਸੈਂਟ ਸ਼ਹਿਰਾਂ ਨੂੰ ਵੰਡ ਦੇਵੇ ਇਹ ਨਿਸ਼ਚਤ ਕਰਨ ਲਈ ਕਿ ਇਨਫਰਾਸਟਰੱਕਟਰ ਅਤੇ ਜਰੂਰੀ ਸੇਵਾਵਾਂ ਕਾਇਮ ਰਹਿ ਸਕਣ ਅਤੇ ਭਵਿੱਖ ਇਨਫਰਾਸਟਰੱਕਟਰ ਦਾ ਨਿਰਮਾਣ ਵਾਤਾਵਰਨ ਦੇ ਨਾਲ ਮਿੱਤਰਤਾਪੂਰਨ ਹੋ ਸਕੇ। ਸ਼ਹਿਰ, ਕੈਨੇਡੀਅਨ ਅਰਥ-ਵਿਵਸਥਾ ਦੇ ਇੰਜਣ ਹਨ ਅਤੇ ਹਰ ਸਾਲ ਫੈਡਰਲ ਸਰਕਾਰ ਨੂੰ ਬਿਲੀਅਨਾਂ ਦਾ ਯੋਗਦਾਨ ਦਿੰਦੇ ਹਨ। ਜਿਵੇਂ ਕਿ ਫੈਡਰਲ ਸਰਕਾਰ ਨੇ ਕਿਹਾ ਹੈ ਕਿ ਜੀ.ਐੱਸ.ਟੀ. ਨੂੰ ਘੱਟ ਕਰਨ ਦੀ ਗੁੰਜਾਇਸ਼ ਹੈ, ਸਾਨੂੰ ਵਿਸ਼ਵਾਸ ਹੈ ਕਿ ਇੱਕ ਸੈਂਟ ਵੰਡ ਕੇ ਕੈਨੇਡਾ ਦੇ ਸਭ ਤੋਂ ਵੱਡੇ ਸ਼ਹਿਰਾਂ ਦੀ ਮਹੱਤਵਪੂਰਨ ਜਰੂਰਤਾਂ ਦਾ ਸਮੱਰਥਨ ਕਰਨ ਦੀ ਵੀ ਗੁੰਜਾਇਸ਼ ਹੈ।

ਕਿਰਪਾ ਕਰਕੇ ਕੁਝ ਸਮਾਂ ਲਗਾ ਕੇ ਉਹ ਸਾਰੀ ਜਾਣਕਾਰੀ ਪੜ੍ਹੋ ਜੋ ਅਸੀਂ ਇਸ ਵੈੱਬ ਸਾਈਟ ਤੇ ਦਿੱਤੀ ਹੈ ਅਤੇ **ਆਨ-ਲਾਈਨ ਪੈਟੀਸ਼ਨ (ਬੇਨਤੀ)** ਤੇ ਹਸਤਾਖਰ ਕਰਨ ਤੇ ਵਿਚਾਰ ਕਰੋ ਅਤੇ **ਬਟਨ ਜਾਂ ਸਟਿੱਕਰ (ਲੇਬਲ) ਦੀ ਮੰਗ** ਕਰਕੇ ਟੋਰਾਂਟੋ ਦਾ ਸਮੱਰਥਨ ਕਰਨ ਤੇ ਵੀ ਵਿਚਾਰ ਕਰੋ। ਨਾਲ ਹੀ ਮੈਂ ਸਾਰੇ ਨਿਵਾਸੀਆਂ ਨੂੰ ਬੇਨਤੀ ਕਰਦਾਂ ਹਾਂ ਕਿ ਉਹ ਆਪਣੇ **ਫੈਡਰਲ ਐੱਮ. ਪੀ.** ਨਾਲ ਸਿੱਧੇ ਸੰਪਰਕ ਕਰਨ ਅਤੇ ਉਹਨਾਂ ਨੂੰ ਦੱਸਣ ਕਿ ਤੁਸੀਂ ਵਰਤਮਾਨ ਜੀ.ਐੱਸ.ਟੀ. ਵਿੱਚੋਂ ਇੱਕ ਸੈਂਟ ਸਿਟੀ ਆਫ ਟੋਰਾਂਟੋ ਨੂੰ ਦੇਣ ਦੀ ਗੱਲ ਦਾ ਸਮੱਰਥਨ ਕਰਦੇ ਹੋ।

ਕਈ ਸਾਲਾਂ ਤੋਂ ਭਿੰਨ-ਭਿੰਨ ਸਾਂਝੀਦਾਰ, ਜਿਨਾਂ ਵਿੱਚ ਸ਼ਾਮਲ ਹਨ **ਟੋਰਾਂਟੋ ਬੋਰਡ ਆਫ ਟਰੇਡ**, **ਕਾਨਫਰੰਸ ਬੋਰਡ ਆਫ ਕੈਨੇਡਾ**, **ਮੀਡੀਆ** ਅਤੇ ਸ਼ਹਿਰ ਦੇ ਨਿਵਾਸੀ। ਸਭ ਨੇ ਮਿਲਕੇ ਪ੍ਰਾਂਤੀ ਅਤੇ ਫੈਡਰਲ ਸਰਕਾਰਾਂ ਨੂੰ ਮੰਗ ਕੀਤੀ ਹੈ ਕਿ ਉਹ ਇਨਫਰਾਸਟਰੱਕਟਰ ਨੂੰ ਉਚਿੱਤ ਅਤੇ ਸਥਾਈ ਰੂਪ ਨਾਲ ਫੰਡ ਦੇਣ ਅਤੇ ਮਿਉਨਸਿਪਲ ਜੁੰਮੇਵਾਰੀਆਂ ਨੂੰ ਵੀ ਉਚਿੱਤ ਫੰਡ ਦੇਣ। ਮਿਉਨਸਿਪਲ ਇਨਫਰਾਸਟਰੱਕਟਰ ਦੇ ਫੰਡਾਂ ਨੂੰ ਲੈ ਕੇ ਕਈ ਰਿਪੋਰਟਾਂ ਵੀ ਲਿਖੀਆਂ ਗਈਆਂ ਹਨ ਅਤੇ ਸਭ ਇਸ ਨਤੀਜੇ ਤੇ ਪਹੁੰਚੀਆਂ ਹਨ ਕਿ ਫੰਡ ਦੀ ਕਮੀ ਨੂੰ ਦੂਰ ਕਰਨਾ ਜਰੂਰੀ ਹੈ ਤਾਂ ਕਿ ਕੈਨੇਡਾ ਦੇ ਸ਼ਹਿਰਾਂ ਦਾ ਭਵਿੱਖ ਠੀਕ ਤਰ੍ਹਾਂ ਨਿਸ਼ਚਤ ਕੀਤਾ ਜਾ ਸਕੇ। ਹੁਣ ਇਹ ਹੀ ਮੌਕਾ ਹੈ ਕਿ ਤੁਸੀਂ ਵੀ ਇਸ ਵਿੱਚ ਸ਼ਾਮਲ ਹੋ ਸਕੋ।

ਇੱਕ ਸੈਂਟ **ਹੁਣੇ ਹੀ!** ਅੰਦੋਲਨ ਉਹਨਾਂ ਤਿੰਨ ਚੀਜਾਂ ਦਾ ਮਹੱਤਵਪੂਰਨ ਹਿੱਸਾ ਹੈ ਜਿਹਨਾਂ ਦੀ ਸਖਤ ਜਰੂਰਤ ਸ਼ਹਿਰਾਂ ਨੂੰ ਹੈ:

1. ਰਾਸ਼ਟਰੀ ਟਰਾਂਜਟ ਯੋਜਨਾ ਇਹ ਨਿਸ਼ਚਤ ਕਰਨ ਲਈ ਕਿ ਟਰਾਂਜਟ ਵਧਦੀ ਹੋਈ ਅਰਥ-ਵਿਵਸਥਾ ਨੂੰ ਸਹਾਰਾ ਦੇ ਸਕੇ ਅਤੇ ਸਾਡੇ ਵਾਤਾਵਰਨ ਦੀ ਰੱਖਿਆ ਕਰ ਸਕੇ।
2. ਓਨਟਾਰੀਓ, ਆਪਣੇ ਪ੍ਰੋਗਰਾਮਾਂ ਦੇ ਫੰਡਾਂ ਦੀ ਜੁੰਮੇਵਾਰੀ ਵਾਪਸ ਲੈ ਲਵੇ, ਖਾਸ ਕਰਕੇ ਸੋਸ਼ਲ ਸੇਵਾਵਾਂ ਅਤੇ ਨਿਵਾਸ ਦਾ ਖਰਚ ਜੋ ਪਹਿਲਾਂ ਕਦੇ ਓਨਟਾਰੀਓ ਪ੍ਰਾਂਤ ਦੁਆਰਾ ਉਠਾਇਆ ਜਾਂਦਾ ਸੀ ਅਤੇ ਹੁਣ ਇਸਦਾ ਬੋਝ ਪ੍ਰਾਪਰਟੀ ਟੈਕਸ ਨਹੀਂ ਉਠਾ ਸਕਦਾ।
3. ਇਸ ਤਰ੍ਹਾਂ ਦੀ ਆਮਦਨੀ ਨੂੰ ਵੰਡੇ ਜੋ ਅਰਥ-ਵਿਵਸਥਾ ਦੇ ਨਾਲ ਹੀ ਵਧਦੀ ਹੈ।

ਫਿਲਹਾਲ, ਮਿਉਨਸਿਪੈਲਟੀ ਨੂੰ ਇਸ ਤਰ੍ਹਾਂ ਦੀ ਕੋਈ ਆਮਦਨੀ ਨਹੀਂ ਮਿਲਦੀ ਜੋ ਅਰਥ-ਵਿਵਸਥਾ ਦੇ ਨਾਲ ਹੀ ਵਧਦੀ ਹੈ। ਫਿਰ ਵੀ ਮਿਉਨਸਿਪੈਲਟੀ ਨੂੰ ਵਿਕਾਸ ਦਾ ਖਰਚ ਉਠਾਉਣਾ ਪੈਂਦਾ ਹੈ ਇਨਫਰਾਸਟਰੱਕਟਰ ਨੂੰ ਕਾਇਮ ਰੱਖਣ ਲਈ ਅਤੇ ਨਵੇਂ ਇਨਫਰਾਸਟਰੱਕਟਰ ਨੂੰ ਬਣਾਉਣ ਲਈ ਜੋ ਸ਼ਹਿਰਾਂ ਦੀ ਆਰਥਿਕ ਸਥਿਤੀ ਨੂੰ ਸਹਾਰਾ ਦੇ ਸਕੇ। ਰਾਸ਼ਟਰੀ ਅਰਥ-ਵਿਵਸਥਾ ਵਿੱਚ ਸ਼ਹਿਰਾਂ ਦਾ ਯੋਗਦਾਨ ਕਾਫੀ ਜਿਆਦਾ ਹੁੰਦਾ ਹੈ।

ਟੋਰਾਂਟੋ ਦੇ ਨਿਵਾਸੀ ਜੋ ਵੀ ਟੈਕਸ ਦਿੰਦੇ ਹਨ, ਪ੍ਰਾਂਤੀ ਅਤੇ ਫੈਡਰਲ ਆਮਦਨ ਕਰ ਅਤੇ ਪ੍ਰਾਪਰਟੀ ਟੈਕਸ ਨੂੰ ਮਿਲਾ ਕੇ, ਉਸ ਵਿੱਚੋਂ **ਹਰ ਟੈਕਸ ਡਾਲਰ ਦਾ ਸਿਰਫ 8 ਸੈਂਟ** ਸਿਟੀ ਦੇ ਕੋਲ ਬਚਦਾ ਹੈ। ਮਿਉਨਸਿਪਲ ਸੇਵਾਵਾਂ ਅਤੇ ਇਨਫਰਾਸਟਰੱਕਟਰ ਦਾ ਖਰਚ ਉਠਾਉਣਾ ਅਤੇ ਕੁਝ ਖੇਤਰਾਂ ਵਿੱਚ ਸੋਸ਼ਲ ਸਰਵਿਸਜ ਦਾ ਖਰਚ ਉਠਾਉਣਾ ਜੋ ਇੱਕ ਸਮੇਂ ਪ੍ਰਾਂਤੀ ਸਰਕਾਰ ਦੀ ਜੁੰਮੇਵਾਰੀ ਹੋਇਆ ਕਰਦੀ ਸੀ, ਹੁਣ ਪ੍ਰਾਪਰਟੀ ਟੈਕਸ ਦੇਣ ਵਾਲੇ ਲਈ ਹੱਦ ਤੋਂ ਜਿਆਦਾ ਬੋਝਲ ਹੋ ਗਏ ਹਨ।

ਜੀ.ਐੱਸ.ਟੀ.ਦੇ ਇੱਕ ਸੈਂਟ ਦਾ ਮਤਲਬ ਹੈ ਕਿ ਟੋਰਾਂਟੋ ਲਈ ਇਨਫਰਾਸਟਰੱਕਟਰ - ਸੜਕਾਂ, ਪੁਲ, ਐਕਸਪ੍ਰੈਸ-ਵੇ ਅਤੇ ਹੋਰ ਨਿਰਮਾਣਾਂ ਦੇ ਪ੍ਰੋਗਰਾਮਾਂ ਲਈ 410 ਮਿਲੀਅਨ ਡਾਲਰ ਜੋ ਕਿ ਕੈਨੇਡਾ ਦੇ ਸਭ ਤੋਂ ਵੱਡੇ ਸ਼ਹਿਰ ਨੂੰ ਬਣਾਈ ਰੱਖਣ ਲਈ ਬਹੁਤ ਜਰੂਰੀ ਹੈ।

ਸਾਡੀ ਸਿਟੀ ਲਗਾਤਾਰ ਵਿਕਸਤ ਹੋ ਰਹੀ ਅਤੇ ਹੁਣ ਇਹ ਹੀ ਮੌਕਾ ਹੈ ਕਿ ਅਸੀਂ ਸਾਰੇ ਮਿਲਜੁਲ ਕੇ ਕੰਮ ਕਰੀਏ ਤਾਂ ਕਿ ਸਿਟੀ ਦੇ ਸਮੱਰਥਨ ਲਈ ਜਰੂਰੀ ਫੰਡ ਪ੍ਰਾਪਤ ਕੀਤੇ ਜਾ ਸਕਣ।

ਆਪਣੀ ਸਿਟੀ ਦਾ ਸਮੱਰਥਨ ਕਰਨ ਲਈ ਤੁਹਾਡਾ ਧੰਨਵਾਦ।

ਡੇਵਡ ਮਿਲਰ

ਮੇਅਰ

## ਆਨ-ਲਾਈਨ ਪਟੀਸ਼ਨ (ਬੇਨਤੀ)

ਅਸੀਂ, ਥੱਲੇ ਦਿੱਤੇ ਅਨੁਸਾਰ ਕੈਨੇਡਾ ਦੀ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਉਹ ਜੀ.ਐੱਸ.ਟੀ. ਵਿੱਚੋਂ ਇੱਕ ਸੈਂਟ ਸਿਟੀ ਆਫ ਟੋਰਾਂਟੋ ਨੂੰ ਦੇਵੇ। ਟੋਰਾਂਟੋ, ਕੈਨੇਡਾ ਦਾ ਸਭ ਤੋਂ ਵੱਡਾ ਸ਼ਹਿਰ ਹੈ ਅਤੇ ਵੱਡੀਆਂ ਸਰਕਾਰਾਂ ਵਿੱਚ ਛੇਵੇਂ ਨੰਬਰ ਤੇ ਆਉਂਦਾ ਹੈ, ਪਰੰਤੂ ਉਸ ਕੋਲ ਅਜਿਹੀ ਆਮਦਨੀ ਨਹੀਂ ਹੈ ਜੋ ਅਰਥ ਵਿਵਸਥਾ ਦੇ ਨਾਲ ਵਧਦੀ ਰਹੇ। ਸਿਟੀ ਆਫ ਟੋਰਾਂਟੋ ਕੈਨੇਡਾ ਦਾ ਆਰਥਿਕ ਇੰਜਣ ਵੀ ਹੈ ਜਿਹੜਾ ਕਿ ਬਹੁਤ ਸਾਰੀਆਂ ਰਿਪੋਰਟਾਂ ਨੇ ਪ੍ਰਮਾਣਤ ਵੀ ਕੀਤਾ ਹੈ। ਇਹ ਰਿਪੋਰਟਾਂ ਸਾਰੇ ਤਰ੍ਹਾਂ ਦੀਆਂ ਸਰਕਾਰਾਂ ਨੂੰ ਵੀ ਦਿੱਤੀਆਂ ਗਈਆ ਹਨ। ਜੇ ਟੋਰਾਂਟੋ ਨੂੰ ਇੱਕ ਸੰਜੀਵ, ਵਿਵਹਾਰਕ ਅੰਤਰਰਾਸ਼ਟਰੀ ਸ਼ਹਿਰ ਬਣਿਆ ਰਹਿਣ ਲਈ ਜੋ ਲਾਗਤ ਲਗਾਉਣ ਲਈ ਆਕਰਸ਼ਕ ਹੋਵੇ ਤਾਂ ਫਿਰ ਟੋਰਾਂਟੋ ਦੇ ਲੋਕਾਂ ਨੂੰ ਜੀ.ਐੱਸ.ਟੀ. ਵਿੱਚੋਂ ਇੱਕ ਸੈਂਟ ਹੁਣੇ ਹੀ ਮਿਲਣਾ ਚਾਹੀਦਾ ਹੈ।

**ਪੈਟੀਸ਼ਨ ਤੇ ਹਸਤਾਖਰ ਕਰਨ ਲਈ ਇਸ ਬਟਨ** 

**ਤੇ ਕਲਿੱਕ ਕਰ**

ਇਸ ਫਾਰਮ ਦੀ ਵਿਅਕਤੀਗਤ ਜਾਣਕਾਰੀ, *ਸਿਟੀ ਆਫ ਟੋਰਾਂਟੋ ਐਕਟ 2006*, ਸੈਕਸ਼ਨ 134 ਦੇ ਆਧੀਨ ਇੱਕਤਰਤ ਕੀਤੀ ਗਈ ਹੈ। ਇਹ ਇੱਕਤਰਤ ਜਾਣਕਾਰੀ ਇੱਕ ਪਟੀਸ਼ਨ ਦੇ ਰੂਪ ਵਿੱਚ ਫੈਡਰਲ ਸਰਕਾਰ ਨੂੰ ਪੇਸ਼ ਕੀਤੀ ਜਾਵੇਗੀ ਵਰਤਮਾਨ ਜੀ.ਐੱਸ.ਟੀ. ਵਿੱਚੋਂ ਇੱਕ ਸੈਂਟ ਹੁਣੇ ਹੀ! ਅੰਦੋਲਨ ਦੇ ਇੱਕ ਹਿੱਸੇ ਦੇ ਰੂਪ ਵਿੱਚ। ਇਸਨੂੰ ਇੱਕਤਰ ਕਰਨ ਦੇ ਤਰੀਕੇ ਦੇ ਸਵਾਲ ਲਈ ਸੰਪਰਕ ਕਰੋ, ਮੈਨੇਜਰ, ਮੀਡੀਆ ਰਿਲੇਸ਼ਨਜ ਐਂਡ ਇਸ਼ੂਜ ਮੇਨੇਜਮੈਂਟ, ਸਿਟੀ ਆਫ ਟੋਰਾਂਟੋ, 100 ਕੁਈਨ ਸਟਰੀਟ ਵੈੱਸਟ, ਵੈੱਸਟ ਟਾਵਰ, ਟੋਰਾਂਟ, ਓਨਟਾਰੀਓ, M5H 2N2.
ਫੋਨ : 416-392-8937

**"ਅੱਗੇ ਭੇਜੋ (ਸਬਮਿਟ ਕਰੋ)"**